# Code No. 1532

**CLASS : 11th (Eleventh)** **Series : 11-April/2021**

*ਰੋਲ ਨੰ.* ☐☐☐☐☐☐☐☐☐☐

# ਪੰਜਾਬੀ

## PUNJABI

(Only for Fresh/School Candidates)

*ਸਮਾਂ : **$2\frac{1}{2}$** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **18** ਹਨ।*
- *ਪ੍ਰਸ਼ਨ-ਪੱਤਰ ਵਿੱਚ ਸਭਤੋਂ ਉੱਪਰ ਦਿੱਤੇ ਹੋਏ **ਕੋਡ ਨੰ.** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

### ਭਾਗ – ੳ

**1.** ਹੇਠ ਲਿਖੇ ਕਾਵਿ ਟੋਟਿਆਂ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ :

(ੳ) ਫਰੀਦਾ ਦਰ ਦਰਵਾਜੇ ਜਾਇ ਕੈ, ਕਿਉ ਡਿਠੋ ਘੜਿਆਲ। 3

ਏਹ ਨਿਦੋਸਾ ਮਾਰੀਐ, ਹਮ ਦੋਸਾਂ ਕਾ ਕਿਆ ਹਾਲ।

ਘੜੀਏ ਘੜੀਏ ਮਾਰੀਐ, ਪਹਰੀ ਲਹੈ ਸਜਾਇ।

ਸੋ ਹੇੜਾ ਘੜੀਆਲ ਜਿਉ, ਡੁਖੀ ਰੈਣਿ ਵਿਹਾਇ।



Downloaded from cclchapter.com

(ਅ) ਦੁਹਾ ਕੰਧਾਰਾ ਮੁਹਿ ਜੁੜੇ ਨਾਲ ਧਉਸਾ ਭਾਰੀ, 3

ਕੜਕ ਉਠਿਆ ਫਉਜ ਤੇ ਵਡਾ ਅਹੰਕਾਰੀ

ਲੈ ਕੇ ਚਲਿਆ ਸੂਰਮੇ, ਨਾਲਿ ਵਡੇ ਹਜਾਰੀ

ਮਿਆਨੋ ਖੰਡਾ ਧੂਹਿਆ, ਮਹਿਖਾਸੁਰ ਭਾਰੀ

ਉਮਲ ਲੱਥੇ ਸੂਰਮੇ, ਮਾਰ ਮੱਚੀ ਕਰਾਰੀ

ਜਾਪੇ ਚਲੇ ਰੱਤ ਦੇ, ਸਲਲੇ ਜਟਧਾਰੀ।

**2.** ਜੀਵਾਤਮਾਂ ਅਤੇ ਮਛਲੀ ਦੇ ਸਹਿਗੁਣਾਂ ਦੀ ਤੁਲਨਾ ਪੇਸ਼ ਕਰੋ? (ਕਵਿਤਾ ਤੂੰ ਦਰਿਆਉ ਦਾਨਾ ਬੀਨਾ ਦੇ ਅਧਾਰ ਤੇ) 3

**3.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : $1 \times 5 = 5$

(i) 'ਸ਼ਾਹ ਹੁਸੈਨ' ਦੇ ਮੁਰਸ਼ਦ ਦਾ ਨਾਂ ਕੀ ਸੀ?

(ੳ) ਅਨਾਇਤ ਸ਼ਾਹ ਕਾਦਰੀ (ਅ) ਬਹਿਲੋਲ ਦਰਿਆਈ

(ੲ) ਬਖਤਿਆਰ ਦਾਰੀ (ਸ) ਕੁਤੁਬਦੀਨ

(ii) 'ਕੁੱਤੇ ਤੈਥੋਂ ਉਤੇ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(ੳ) ਬੁੱਲ੍ਹੇ ਸ਼ਾਹ (ਅ) ਸ਼ਾਹ ਹੁਸੈਨ

(ੲ) ਸੇਖ ਫਰੀਦ (ਸ) ਸੁਲਤਾਨ ਬਾਹੂ

(iii) 'ਬ੍ਰਿਪ ਸੁਦਾਮਾ ਦਾਲਦੀ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(ੳ) ਸ਼ੇਖ ਫਰੀਦ (ਅ) ਬੁੱਲ੍ਹੇ ਸ਼ਾਹ

(ੲ) ਭਾਈ ਗੁਰਦਾਸ (ਸ) ਗੁਰੂ ਗੋਬਿੰਦ ਸਿੰਘ ਜੀ

(iv) 'ਰਾਝਾਂ ਆਖਦਾ ਇਹ ਜਹਾਨ ਸੁਠਨਾਂ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(ੳ) ਦਮੋਦਰ (ਅ) ਪੀਲੂ

(ੲ) ਕਾਦਰਯਾਰ (ਸ) ਵਾਰਿਸ ਸਾਹ

(v) ਕਿੱਸਾ ਪੂਰਨ ਭਗਤ ਕਿਸ ਕਵੀ ਦਾ ਲਿਖਿਆ ਹੈ?

(ੳ) ਦਮੋਦਰ (ਅ) ਵਾਰਿਸ ਸ਼ਾਹ

(ੲ) ਕਾਦਰਯਾਰ (ਸ) ਹਾਸ਼ਮ ਸਾਹ



Downloaded from cclchapter.com

**4.** ਦਸੌਂਧਾ ਸਿੰਘ ਨੂੰ ਕਚਹਿਰੀ ਜਾਣ ਦੀ ਕਿਉਂ ਲੋੜ ਪਈ? (ਕਹਾਣੀ ਖੰਭ ਦੇ ਅਧਾਰ ਤੇ) 3

**5.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : $1 \times 5 = 5$

(i) ਬਾਗਾਂ ਦਾ ਰਾਖਾ ਕਿਸ ਕਹਾਣੀਕਾਰ ਦੀ ਰਚਨਾ ਹੈ?

(ੳ) ਸੰਤੋਖ ਸਿੰਘ ਧੀਰ

(ਅ) ਸੁਜਾਨ ਸਿੰਘ

(ੲ) ਪ੍ਰੇਮ ਪ੍ਰਕਾਸ਼

(ਸ) ਰਸ਼ਿਮ

(ii) 'ਹੁਕਮਾ ਮਾਹਾਟ' ਕਿਸ ਕਹਾਣੀ ਦਾ ਪਾਤਰ ਹੈ?

(ੳ) ਮੰਸੋ

(ਅ) ਗੋਈ

(ੲ) ਖੰਭ

(ਸ) ਅੰਨ੍ਹੀ ਮਾਂ ਦਾ ਪੁੱਤ

(iii) 'ਇਤਭਰਵਾਸੇ' ਕਹਾਣੀ ਕਿਸ ਦੀ ਰਚਨਾ ਹੈ?

(ੳ) ਸੁਜਾਨ ਸਿੰਘ

(ਅ) ਸੰਤ ਸਿੰਘ ਸੇਖੋਂ

(ੲ) ਗੁਰਦੇਵ ਸਿੰਘ ਰੁਪਾਣਾ

(ਸ) ਅਜੀਤ ਕੌਰ

(iv) 'ਸਿਵਚਰਨ ਦਾਸ' ਕਿਸ ਕਹਾਣੀ ਦਾ ਪਾਤਰ ਹੈ?

(ੳ) ਬਾਗਾਂ ਦਾ ਰਾਖਾ (ਅ) ਖੰਭ

(ੲ) ਅੰਨ੍ਹੀ ਮਾਂ ਦਾ ਪੁੱਤ (ਸ) ਤਿੜਕਿਆ ਹੋਇਆ ਸ਼ੀਸਾ

(v) 'ਬਲਵਿੰਦਰ ਕੌਰ' ਕਿਸ ਕਹਾਣੀ ਦੀ ਪਾਤਰ ਹੈ?

(ੳ) ਮੰਗੋ (ਅ) ਗੋਈ

(ੲ) ਖੰਡ (ਸ) ਕਾਰ-ਖਿਡੌਣਾ



Downloaded from cclchapter.com

**6.** ਵਾਰ ਕੀ ਹੈ? ਇਸ ਦੀ ਪਰਿਭਾਸ਼ਾ ਦੱਸੋ। 2

**7.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾ ਦੇ ਉੱਤਰ ਚੁਣੋਂ : 1 × 5 = 5

(i) ਨਿੱਕੀ ਕਹਾਣੀ ਦਾ ਅਰੰਭ ਕਿਹੋ ਜਿਹਾ ਹੁੰਦਾ ਹੈ?

(ੳ) ਵਾਰਤਾਮਈ (ਅ) ਨਾਟਕੀ

(ੲ) ਹੈਰਾਨੀਜਨਕ (ਸ) ਕੋਈ ਵੀ ਨਹੀਂ

(ii) 24 ਘੰਟਿਆਂ ਵਿੱਚ ਵਾਪਰੀਆਂ ਘਟਨਾਵਾਂ ਛਾਪਣ ਵਾਲੇ ਪੱਤਰ ਨੂੰ ਕੀ ਕਿਹਾ ਜਾਂਦਾ ਹੈ?

(ੳ) ਅਖ਼ਬਾਰ (ਅ) ਰਸ਼ਾਲਾ

(ੲ) ਕਿਤਾਬ (ਸ) ਕੋਈ ਵੀ ਨਹੀਂ

(iii) ਹਫਤੇ ਦੇ ਸੱਤਾਂ ਦਿਨਾਂ ਤੇ ਰਚੀ ਗਈ ਰਚਨਾ ਨੂੰ ਕੀ ਆਖਦੇ ਹਨ?

(ੳ) ਅੱਠਵਾਰ੍ਹਾ (ਅ) ਬਾਰ੍ਹਾਂ ਮਾਹ

(ੲ) ਸਤਵਾਰਾ (ਸ) ਕੋਈ ਵੀ ਨਹੀਂ

(iv) ਕਾਫ਼ੀ ਕਾਵਿ ਰੂਪ ਕੀ ਹੈ?

(ੳ) ਗੀਤ (ਅ) ਪ੍ਰਗੀਤ

(ੲ) ਦੋਹਿਰਾ (ਸ) ਰਾਂਗਣੀ

(v) ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨਿਆ ਅਧਿਆਤਮਕ ਵਾਰਾ ਦਰਜ ਹਨ?

(ੳ) 21 (ਅ) 22

(ੲ) 24 (ਸ) 25

**8.** ਛੰਦ ਕੀ ਹੈ? ਇਹ ਕਿੰਨੇ ਪ੍ਰਕਾਰ ਦੇ ਹਨ? 2

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣੋ : 1 × 5 = 5

(i) ਅਨੁਪ੍ਰਾਸ ਅਲੰਕਾਰ ਦੇ ਕਿੰਨੇ ਭੇਦ ਹਨ?

(ੳ) ਤਿੰਨ (ਅ) ਪੰਜ

(ੲ) ਚਾਰ (ਸ) ਦੋ



Downloaded from cclchapter.com

(ii) ਜਿਥੇ ਉਪਮੇ ਤੇ ਉਪਮਾਨ ਨੂੰ ਇੱਕ ਰੂਪ ਕਰਕੇ ਦੱਸਿਆ ਜਾਵੇ, ਉਥੇ ਕਿਹੜਾ ਅਲੰਕਾਰ ਹੁੰਦਾ ਹੈ?

(ੳ) ਰੂਪਕ (ਅ) ਉਪਮਾ

(ੲ) ਅਨੁਪ੍ਰਾਸ (ਸ) ਅਤਿਕਥਨੀ

(iii) ਉਪਮਾ ਅਲੰਕਾਰ ਦੇ ਕਿੰਨੇ ਭੇਦ ਹਨ?

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

(iv) ਸੋਰਠਾ ਕਿਸ ਸ਼੍ਰੇਣੀ ਦਾ ਛੰਦ ਹੈ?

(ੳ) ਵਰਨਿਕ (ਅ) ਗਣਿਕ

(ੲ) ਮਾਤ੍ਰਿਕ (ਸ) ਕੋਈ ਵੀ ਨਹੀਂ

(v) ਕਬਿੱਤ ਛੰਦ ਦੀਆਂ ਕਿੰਨੀਆਂ ਤੁਕਾਂ ਹੁੰਦੀਆਂ ਹਨ?

(ੳ) ਦੋ (ਅ) ਛੇ

(ੲ) ਅੱਠ (ਸ) ਚਾਰ

**ਭਾਗ – ਅ**

**10.** ਪੀਰ ਤੇ ਪੈਗੰਬਰ ਵਿੱਚ ਕੀ ਫਰਕ ਹੈ? 3

**11.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇੱਕ ਵਾਕ*** ਵਿੱਚ ਲਿਖੋ : $1 \times 5 = 5$

(ੳ) ਗੁਰੂ ਅਮਰਦਾਸ ਜੀ ਨੇ ਕਿੰਨੇ ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ?

(ਅ) ਚੀਰੀ ਕਿਸ ਦਾ ਪ੍ਰਤੀਕ ਹੈ?

(ੲ) ਸ਼ਾਹ ਮੁਹੰਮਦ ਦੇ ਕਿੱਸੇ ਵਿੱਚ 'ਸਰਕਾਰ' ਸ਼ਬਦ ਦੇ ਕੀ ਅਰਥ ਹਨ?

(ਸ) ਹਾਸ਼ਮ ਸ਼ਾਹ ਨੇ ਆਪਣੀ ਲਿਖਤ ਵਿੱਚ ਕਿਹੜੇ ਛੰਦ ਦੀ ਵਰਤੋਂ ਕੀਤੀ ਹੈ?

(ਹ) ਰਾਣੀ ਸੁੰਦਰਾਂ ਨੇ ਆਤਮਘਾਤ ਕਿਉਂ ਕੀਤਾ?

**12.** ਹੇਠ ਲਿਖਿਆ ਕਹਾਣੀਆਂ ਵਿੱਚੋਂ ਕਿਸੇ ***ਇੱਕ*** ਦਾ ਸੰਖੇਪ ਸਾਰ ਲਿਖੋ : 5

(ੳ) ਬਾਗਾਂ ਦਾ ਰਾਖਾ

(ਅ) ਇਤ-ਭਰਵਾਸੇ

(ੲ) ਤਿੜਕਿਆ ਹੋਇਆ ਸ਼ੀਸ਼ਾ



Downloaded from cclchapter.com

**13.** ਕਿਹੜਿਆਂ ਗੱਲਾਂ ਤੋ ਸਿੱਧ ਹੁੰਦਾ ਹੈ ਕਿ ਸ਼ਿਵਚਰਨ ਅੰਦਰੋ ਹੋਰ ਸੀ ਤੇ ਬਾਹਰੋ ਹੋਰ? (ਕਹਾਣੀ ਤਿੜਕਿਆ ਹੋਇਆ ਸ਼ੀਸ਼ਾ ਦੇ ਅਧਾਰ ਤੇ) 3

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾ ***ਇੱਕ ਵਾਕ*** ਵਿੱਚ ਲਿਖੋ : $1 \times 5 = 5$

(ੳ) 'ਕਾਰ ਖਿਡੌਣਾ' ਕਿਸ ਨੇ ਭੇਜਿਆ ਸੀ?

(ਅ) 'ਖੰਭ' ਕਹਾਣੀ ਵਿੱਚ ਖੰਭ ਕਾਹਦਾ ਪ੍ਰਤੀਕ ਹੈ?

(ੲ) ਦੀਪੇ ਨੇ ਸੁਰਮੇ ਦੀ ਡਲੀ ਕਿਉ ਖਰੀਦੀ ਸੀ?

(ਸ) 'ਗੋਈ' ਕਹਾਣੀ ਦਾ ਨਾਇਕ/ਮੁੱਖ ਪਾਤਰ ਕੌਣ ਹੈ?

(ਹ) 'ਮੰਗੋ' ਕਹਾਣੀ ਦਾ ਲੇਖਕ ਕੌਣ ਹੈ?

**15.** (ੳ) ਕਾਫ਼ੀ ਕੀ ਹੈ? ਇਸ ਦੀ ਪਰਿਭਾਸ਼ਾ ਤੇ ਤੱਤਵਾਂ ਬਾਰੇ ਜਾਣਕਾਰੀ ਦਿਉ? 5

**ਜਾਂ**

ਨਿੱਕੀ ਕਹਾਣੀ ਦੀ ਪਰਿਭਾਸ਼ਾ ਤੇ ਤੱਤਵਾਂ ਬਾਰੇ ਜਾਣਕਾਰੀ ਦਿਉ?

(ਅ) ਸਤਵਾਰਾਂ ਕੀ ਹੈ? ਇਸ ਦੀ ਪਰਿਭਾਸ਼ਾ ਦੱਸੋ। 3

**16.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇਕ ਸ਼ਬਦ*** ਜਾਂ ***ਇੱਕ ਵਾਕ*** ਵਿੱਚ ਲਿਖੋ : $1 \times 5 = 5$

(ੳ) ਕਵਿਤਾ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ ਕਿਸ ਚੀਜ ਦੀ ਵਰਤੋਂ ਕੀਤੀ ਜਾਂਦੀ ਹੈ?

(ਅ) ਲੇਖ ਤੇ ਨਿਬੰਧ ਵਿੱਚ ਕੀ ਅੰਤਰ ਹੈ?

(ੲ) ਨਾਵਲ ਸ਼ਬਦ ਅੰਗਰੇਜੀ ਦੇ ਕਿਸ ਸ਼ਬਦ ਦਾ ਸਮਾਨਾਰਥੀ ਹੈ?

(ਸ) ਬਾਰ੍ਹਾਂ-ਮਾਹ ਕੀ ਹੈ?

(ਹ) ਹਿੰਦੀ ਵਿਸਵ-ਕੋਸ ਵਿੱਚ ਕਾਫ਼ੀ ਨੂੰ ਕੀ ਕਿਹਾ ਗਿਆ ਹੈ?

**17.** ਕਬਿੱਤ ਛੰਦ ਕੀ ਹੈ? ਇਸ ਦੇ ਲੱਛਣ ਤੇ ਉਦਾਹਰਣਾਂ ਦਿਉ। 5

**ਜਾਂ**

ਅਨੁਪ੍ਰਾਸ ਅਲੱਕਾਰ ਕੀ ਹੈ? ਇਸ ਦੀ ਪਰਿਭਾਸ਼ਾ ਤੇ ਉਦਾਹਰਨਾਂ ਦਿਉ?



Downloaded from cclchapter.com

**18.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇੱਕ ਵਾਕ*** ਵਿੱਚ ਲਿਖੋ : 1 × 5 = 5

(ੳ) ਦੋਹਿਰਾਂ ਛੰਦ ਦੀਆਂ ਕਿੰਨੀਆਂ ਤੁਕਾਂ ਹੁੰਦੀਆ ਹਨ ?

(ਅ) ਸੋਰਠਾ ਕਿਸ ਪ੍ਰਕਾਰ ਦਾ ਛੰਦ ਹੈ ?

(ੲ) ਰੂਪਕ ਅਲੰਕਾਰ ਦੀਆਂ ਮੁੱਖ ਕਿਸਮਾ ਕਿੰਨੀਆਂ ਹਨ ?

(ਸ) ਜਿਸ ਕਾਵਿ-ਕਥਨ ਵਿੱਚ ਗੱਲ ਨੂੰ ਵਧਾ-ਚੜ੍ਹ ਕੇ ਦੱਸਿਆ ਜਾਵੇ ਉਥੇ ਕਿਹੜਾ ਅਲੰਕਾਰ ਹੁੰਦਾ ਹੈ ?

(ਹ) ਵਰਨ ਕੀ ਹੁੰਦਾ ਹੈ ?



Downloaded from cclchapter.com